# ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-21, ਭੂ-ਜਲ ਦੋਹਨ ਨਾ ਕਰੀਏ- ਵਰਤੀਏ ਸੰਭਲ ਕੇ **(Ground Water Don't Overuse It)**


**ਖੋਜ ਤੇ ਲੇਖਣ: ਸ੍ਰੀਨਿਵਾਸ ਓਲੀ**

**ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**



( In this episode we have discussed that water sources are rapidly getting depleted, especially the water found underground that we call ground water. Ground water is a source that has been used extensively, but never replenished. If it goes on this way then this resource will get exhausted one day. We have talked how ground water is being used indiscriminately and the crisis it is leading to. Let's start with a village in Punjab.)

(ਇਸ ਕੜੀ ਵਿੱਚ ਅਸੀਂ ਚਰਚਾ ਕਰਾਂਗੇ ਪਾਣੀ ਦੇ ਭਿੰਨ-ਭਿੰਨ ਸ੍ਰੋਤਾਂ ਦੇ ਤੇਜੀ ਨਾਲ ਖਾਤਮੇ ਬਾਬਤ, ਵਿਸ਼ੇਸ਼ ਕਰਕੇ ਧਰਤੀ ਹੇਠਲਾ ਪਾਣੀ ਜਿਸਨੂੰ ਅਸੀਂ ਕਹਿੰਦੇ ਹਾਂ ਭੂ-ਜਲ ! ਭੂ-ਜਲ ਇੱਕ ਅਜਿਹਾ ਸ੍ਰੋਤ ਹੈ ਜਿਸਦੀ ਵਰਤੋਂ ਤਾਂ ਧੜਾ-ਧੜ ਹੋਈ ਹੈ ਪਰ ਮੁੜ ਭਰਾਈ ਵੱਲ ਤਵੱਜੋਂ ਨਹੀਂ ਦਿੱਤੀ ਗਈ ! ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇੱਕ ਦਿਨ ਇਹ ਸ੍ਰੋਤ ਮੁੱਕ ਜਾਵੇਗਾ! ਅਸੀਂ ਗੱਲ ਕੀਤੀ ਹੈ ਕਿ ਭੂ-ਜਲ ਦਾ ਬੇਤਹਾਸ਼ਾ ਦੋਹਨ ਕਿਵੇਂ ਕੀਤਾ ਜਾ ਰਿਹਾ ਹੈ ? ਚਰਚਾ ਕੀਤੀ ਹੈ ਉਸ ਸੰਕਟ ਤੇ ਵੀ ਜੋ ਇਸ ਨਾਲ ਆਉਣ ਵਾਲਾ ਹੈ , ਆਓ ਪੰਜਾਬ ਦੇ ਇੱਕ ਪਿੰਡ ਤੋਂ ਕਰਦੇ ਹਾਂ ਸੁਰੂਆਤ !)


**ਪਾਤਰ**

**ਇਸਤਰੀ ਸੂਤਰਧਾਰ**

**ਪੁਰਸ਼ ਸੂਤਰਧਾਰ**

**ਮਨਜੀਤ ਸਿੰਘ - ਪਿੰਡ ਵਾਸੀ 40 ਸਾਲ**

**ਹਰਜੀਤ ਕੌਰ - ਮਨਜੀਤ ਸਿੰਘ ਦੀ ਪਤਨੀ/ 35 ਸਾਲ**

**ਰਾਮ ਸਿੰਘ - ਪਿੰਡ ਵਾਸੀ 55 ਸਾਲ**

**ਸਰਪੰਚ - ਪਿੰਡ ਦਾ ਸਰਪੰਚ/ 65 ਸਾਲ**

**ਗਰਿਮਾ - ਬੀ ਡੀ ਪੀ ਓ/ 35 ਸਾਲ**

**ਡਾ. ਮਨੋਜ - ਭੂ-ਜਲ ਵਿਗਿਆਨੀ/ 50 ਸਾਲ**

### <u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......**

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**" ਦੀਆਂ ਵੀਹ ਕੜੀਆਂ ਅਸੀਂ ਸੁਣਾ ਚੁੱਕੇ ਹਾਂ ਤੁਹਾਨੂੰ । ਇਨ੍ਹਾਂ ਰਾਹੀਂ ਅਸੀਂ ਅਜੋਕੇ ਵਿਕਾਸ ਰਾਹੀਂ ਸਿਰਜੀ ਗਈ ਭੋਗਤਾਵਾਦ ਵਾਲੀ ਜੀਵਣ ਸ਼ੈਲੀ ਦੇ ਕਾਰਨ ਨਿੱਕਲ ਰਹੇ ਸਿੱਟਿਆਂ 'ਤੇ ਕੀਤੀ ਹੈ ਗੱਲ ਬਾਤ ! ਕੀਤੀਆਂ

ਨੇ ਪੇਸ਼ਕਾਰੀਆਂ! ਸਾਡੇ ਇਸ ਧਰਤ ਗ੍ਰਹਿ ਨੂੰ, ਮਨੁਖਤਾ ਨੂੰ, ਜੈਵਿਕ ਤੇ ਨਿਰਜੀਵ ਸੰਸਾਰ ਨੂੰ ਦਰਪੇਸ਼ ਖਤਰਿਆਂ ਬਾਬਤ ! ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਇੱਕ ਹੋਰ ਪੱਖ ਨੂੰ ਲੈ ਕੇ ਜਿਸ ਵਿੱਚ ਅਸੀਂ ਕਰਾਂਗੇ ਪੇਸ਼ਕਾਰੀ ਭੂ-ਜਲ ਦੇ ਦੋਹਨ ਨਾਲ ਨਿੱਕਲ ਰਹੇ ਸਿੱਟਿਆਂ ਦੀ, ਇਸ ਨੂੰ ਸੰਭਲ ਕੇ ਵਰਤਨ ਦੀ ਤੇ ਭੂ-ਜਲ ਦੀ ਮੁੜ ਭਰਾਈ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜਿੰਦਗੀ**" ਦੀ ਇਸ ਇੱਕੀਵੀਂ ਕੜੀ ਵਿੱਚ ਸੁਆਗਤ ਹੈ ਸ੍ਰੋਤਿਆਂ ਦਾ ।ਸਾਰਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਅਸੀਂ ਸੁਣੀ ਸੀ ਪੀਣ ਵਾਲੇ ਪਾਣੀ ਨੂੰ ਸਾਫ ਰੱਖਣ ਦੀ ਸਾਡੇ ਜੀਵਣ ਵਿੱਚ ਮਹੱਤਤਾ!

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਕਿ ਕਿਵੇਂ ਰੱਖਿਆ ਜਾਵੇ, ਧਰਤੀ 'ਤੇ ਵਗਦੇ ਪਾਣੀ ਨੂੰ ਸਾਫ ਤੇ ਪੀਣਯੋਗ!

**ਮਰਦ ਸੂਤਰਧਾਰ:** ਸੁਣਾਇਆ ਸੀ ਬ੍ਰਿਤਾਂਤ ਕਿ ਕਿਵੇਂ ਮਲੀਨ ਹੋ ਰਿਹਾ ਹੈ ਨਦੀ ਨਾਲਿਆਂ ਦਾ ਪਾਣੀ ਲੰਘਦੀਆਂ ਨੇ ਜਦ ਉਹ ਸ਼ਹਿਰਾਂ ਤੇ ਕਸਬਿਆਂ ਵਿੱਚੋਂ ਦੀ !

**ਔਰਤ ਸੂਤਰਧਾਰ:**ਦੱਸਿਆ ਸੀ, ਕਿ ਭਾਰਤ ਦੀ ਵਸੋਂ ਹੈ ਦੁਨੀਆ ਦਾ 16% ਪਰ ਸੰਸਾਰ ਦੇ ਪਾਣੀ ਸੰਸਾਧਨਾਂ ਦਾ ਕੇਵਲ 4% ਹੀ ਉਪਲਬਧ ਹੈ ਸਾਨੂੰ ! ਸਾਡੇ ਹਜਾਰਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਉਪਲਬਧ ਨਹੀਂ !

**ਮਰਦ ਸੂਤਰਧਾਰ:** ਸੁਣਾਈ ਸੀ ਵਾਰਤਾ ਕਿ ਸਾਡੇ ਦਰਿਆਵਾਂ ਦਾ ਸਤਲੁਜ ਦਾ, ਰਾਵੀ ਦਾ ਬਿਆਸ ਦਾ ਨਿਰਮਲ ਪਰਬਤੀ ਜਲ ਹੋਣਾ ਸੁਰੂ ਹੋ ਜਾਂਦਾ ਹੈ ਦੂਸ਼ਿਤ ਇਨ੍ਹਾਂ ਦੇ ਮੈਦਾਨਾਂ ਵਿੱਚ ਪ੍ਰਵੇਸ ਦੇ ਨਾਲ ਹੀ !

**ਔਰਤ ਸੂਤਰਧਾਰ:** ਜਾਣ ਗਏ ਸੀ ਤੁਸੀਂ ਕਿ ਕਿਵੇਂ ਜਦ ਇਹ ਪਾਣੀ ਰੋਪੜ ਅਤੇ ਹਰੀਕੇ ਪਤਨ 'ਤੇ ਟਿਕਦਾ ਹੈ ਕੁੱਝ ਚਿਰ ਵਾਸਤੇ ਬਿਨਾ ਛੇੜ ਛਾੜ ਦੇ, ਹੋ ਜਾਂਦਾ ਹੈ ਸਾਫ, ਕੁੱਝ ਹੱਦ ਤੱਕ, ਸੂਰਜ ਦੀਆਂ ਕਿਰਣਾ ਦੇ ਨਾਲ ਤੇ ਕੁਦਰਤੀ ਪ੍ਰਣਾਲੀਆਂ ਰਾਹੀਂ !

**ਮਰਦ ਸੂਤਰਧਾਰ:** ਸੁਣਿਆ ਸੀ ਕਿ ਰਾਜਸਥਾਨ ਦੇ ਲੋਕ ਰਵਾਇਤੀ ਜੁਗਤਾਂ ਰਾਹੀਂ ਹੀ ਸਹੇਜ ਲੈਂਦੇ ਨੇ ਵਰਖਾ ਦੇ ਪਾਣੀ ਨੂੰ ਆਪਣੀ ਵਰਤੋਂ ਦੇ ਵਾਸਤੇ !

**ਔਰਤ ਸੂਤਰਧਾਰ:** ਜਾਣ ਲਿਆ ਸੀ ਭੇਦ ਉਸ ਮਾਰੋ-ਮਾਰ ਦਾ ਹੋ ਰਹੀ ਹੈ ਜੋ ਪੀਣ ਦੇ ਪਾਣੀ ਵਾਸਤੇ ਉਤਰਾਖੰਡ ਵਰਗੇ ਪਹਾੜੀ ਖੇਤਰਾਂ ਵਿੱਚ ਵੀ !

**ਮਰਦ ਸੂਤਰਧਾਰ:**ਗੱਲ ਕੀਤੀ ਸੀ ਉਤਰਾਖੰਡ ਦੇ ਨੌਲੇ -ਧਾਰਿਆਂ ਦੇ ਸੁੱਕਨ ਦੇ ਕਾਰਨਾਂ ਦੀ ਵੀ !

**ਔਰਤ ਸੂਤਰਧਾਰ:** ਦੱਸਿਆ ਸੀ ਕਿ ਜੰਗਲਾਂ ਦੀ ਬੇਤਹਾਸ਼ਾ ਕਟਾਈ ਕਾਰਨ ਘੱਟ ਹੋਣ ਲੱਗ ਗਈ ਹੈ ਬਾਰਸ਼ !

**ਮਰਦ ਸੂਤਰਧਾਰ:** ਸੁਣਾਈ ਸੀ ਵਾਰਤਾ ਗੁਦਾਵਰੀ ਵਰਗੀਆਂ ਔਰਤਾਂ ਦੇ ਗਿਆਨ ਦੀ, ਕਿ ਜਦ ਜੰਗਲ ਹੀ ਮੁੱਕ ਗਏ ਤਾਂ ਪਾਣੀ ਕਿਥੇ ?

**ਔਰਤ ਸੂਤਰਧਾਰ:** ਜਾਣ ਲਈ ਸੀ ਮਹੱਤਤਾ ਜਲ ਸੁਰੱਖਿਅਣ ਦੀ, ਘੱਟ ਵਰਤੋਂ ਦੀ ਤੇ ਪਾਣੀ ਨੂੰ ਜਾਇਆ ਹੋਣ ਤੋਂ

ਰੋਕਨ ਵਾਸਤੇ ਸਮੂਹਿਕ ਯਤਨਾਂ ਦੀ!

**ਮਰਦ ਸੂਤਰਧਾਰ:** ਕੀਤੀ ਸੀ ਗੱਲ ਕਿ ਲੀਕ ਕਰਦੀਆਂ ਟੂਟੀਆਂ, ਪਾਈਪ ਨਾਲ ਕਾਰਾਂ ਧੋਣਾ , ਟੂਟੀ ਖੁਲੀ ਰੱਖ ਕੇ ਬੁਰਸ਼ ਕਰਨਾ ਆਦਿ ਵੀ ਤਾਂ ਕਰਦੇ ਨੇ ਪਾਣੀ ਨੂੰ ਜਾਇਆ !

**ਔਰਤ ਸੂਤਰਧਾਰ:** ਸੁਣਾਈ ਸੀ ਜਲ-ਪੁਰਸ਼ ਰਜਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਦੀ ! ਲੋਕਾਂ ਦੀਆਂ ਸਮੂਹਿਕ ਕੋਸ਼ਿਸ਼ਾਂ ਦੇ ਹੁਲਾਰੇ ਨਾਲ ਪਾਣੀ ਦੇ ਸੁਰੱਖਿਅਣ ਦੀ !

**ਮਰਦ ਸੂਤਰਧਾਰ:** ਗੱਲ ਹੋਈ ਸੀ ਦਰਿਆਵਾਂ ਦੀਆਂ ਸਫਾਈ ਮੁਹਿੰਮਾਂ ਦੀ ! ਪੰਜਾਬ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਵੱਲੋਂ ਕੀਤੀ ਕਾਲੀ ਬੇਂਈ ਦੀ ਸਫਾਈ ਦੀ !

**ਔਰਤ ਸੂਤਰਧਾਰ:** ਅੱਜ ਇਸ ਕੜੀ ਵਿੱਚ ਸੁਣਾਵਾਂਗੇ ਬ੍ਰਿਤਾਂਤ ਪਾਣੀ ਦੇ ਦੋਹਨ ਨੂੰ ਰੋਕਨ ਦੀ ਲੋੜ ਦਾ, ਸੰਭਲ ਕੇ ਵਰਤਨ ਦੀ ਮਹੱਤਤਾ ਦਾ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀ ਇੱਕੀਵੀਂ ਕੜੀ ,"**ਭੂ-ਜਲ ਦੋਹਨ ਨਾ ਕਰੀਏ- ਵਰਤੀਏ ਸੰਭਲ ਕੇ**" ਇਉਂ ਕਰਦੇ ਨੇ ਪੇਸ਼ ਸਾਡੇ ਕਲਾਕਾਰ !

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

………………**ਕੜੀ ਦਾ ਸੰਗੀਤ** …………

**ਦ੍ਰਿਸ਼ -ਪਹਿਲਾ**

**(ਜ਼ਮੀਨ ਵਿਚ ਖੁਦਾਈ ਕਰਨ ਵਾਲੀ ਡ੍ਰਿਲ ਮਸ਼ੀਨ ਚੱਲਣ ਦੀ ਆਵਾਜ਼/ ਲੋਕਾਂ ਦੀਆਂ ਮਿਲੀਆਂ-ਜੁਲੀਆਂ ਅਵਾਜ਼ਾਂ)**

**ਰਾਮ ਸਿੰਘ:** ਕਿਉਂ ਭਾਈ ਮਨਜੀਤ ਸਿੰਘ…। ਮਸ਼ੀਨ ਚੱਲ ਰਹੀ ਹੈ। ਨਿਕਲਿਆ ਨਹੀਂ ਪਾਣੀ ਅਜੇ ?

**ਮਨਜੀਤ ਸਿੰਘ:** ਆਓ… ਰਾਮ ਸਿੰਘ । ਬੈਠੋ !

**ਰਾਮ ਸਿੰਘ:** ਕੀ ਹੋਇਆ? ਚਿਹਰਾ ਉੱਤਰਿਆ-ਉੱਤਰਿਆ ਕਿਉਂ ਲੱਗ ਰਿਹਾ ਹੈ ?

**ਮਨਜੀਤ ਸਿੰਘ:** (ਉਦਾਸ ਸੁਰ ਵਿਚ) ਕੀ ਦੱਸਾਂ…… ਅੱਸੀ (80) ਫੁੱਟ ਤੋਂ ਜ਼ਿਆਦਾ ਬੋਰ ਹੋ ਗਿਆ, ਪਰ ਪਾਣੀ ਦਾ ਅਜੇ ਤੱਕ ਨਾਮ-ਨਿਸ਼ਾਨ ਨਹੀਂ !

**ਰਾਮ ਸਿੰਘ:** (ਹੈਰਾਨੀ ਨਾਲ) ਅੱਸੀ (80) ਫੁੱਟ…

**ਮਨਜੀਤ ਸਿੰਘ:** ਹਾਂ ! ਅਜੇ ਤਾਂ ਗਿੱਲੀ ਮਿੱਟੀ ਵੀ ਨਹੀਂ ਆ ਰਹੀ । ਚਾਰ ਸਾਲ ਪਹਿਲਾਂ ਔਹ ਪਿੱਪਲ ਦੇ ਰੁੱਖ ਸਾਹਮਣੇ ਬੋਰ ਕੀਤਾ ਸੀ ਤਾਂ 65-70 ਫੁੱਟ 'ਤੇ ਹੀ ਪਾਣੀ ਨਿਕਲ ਆਇਆ ਸੀ। ਹੁਣ ਤਾਂ ਉਸ ਵਿਚ ਵੀ ਪਾਣੀ ਘੱਟ ਗਿਆ ਹੈ। ਨਵੇਂ 'ਤੇ ਪਾਣੀ ਨਿਕਲਿਆ ਨਹੀਂ, ਕਿੱਥੇ ਤੱਕ ਕਰਦੇ ਜਾਈਏ ਬੋਰ ਆਖ਼ਿਰ ?

**ਰਾਮ ਸਿੰਘ:** ਇਹ ਤਾਂ ਬੜੀ ਮੁਸ਼ਕਿਲ ਹੋ ਗਈ ਹੈ।

**ਮਨਜੀਤ ਸਿੰਘ:** ਮੁਸ਼ਕਿਲ ਵਰਗੀ ਮੁਸ਼ਕਿਲ ! ਘਰ ਚਲਾਉਣਾ ਔਖਾ ਹੋ ਜਾਵੇਗਾ।

**ਰਾਮ ਸਿੰਘ:** ਪਾਣੀ ਹੀ ਨਹੀਂ ਤਾਂ ਖੇਤੀ ਨਹੀਂ ? ਮੀਂਹ ਦਾ ਹਾਲ ਦਿਸ ਹੀ ਰਿਹਾ ਹੈ !

**ਮਨਜੀਤ ਸਿੰਘ:** ਮੀਂਹ ਦੇ ਭਰੋਸੇ ਤਾਂ ਹੋ ਗਈ ਖੇਤੀ! ਉਹ ਦਿਨ ਨਹੀਂ ਰਹੇ ਹੁਣ ਜਦੋਂ ਮੀਂਹ ਸਮੇਂ ਸਿਰ ਪੈ ਜਾਂਦਾ ਸੀ।

**ਰਾਮ ਸਿੰਘ:** ਜੇਕਰ ਇਹੀ ਹਾਲ ਰਿਹਾ ਤਾਂ ਪੀਣ ਦੇ ਪਾਣੀ ਦੇ ਵੀ ਲਾਲੇ ਪੈ ਜਾਣਗੇ।

**ਮਨਜੀਤ ਸਿੰਘ:** ਹੋਰ ਕੀ? ਪਿਛਲੀਆਂ ਗਰਮੀਆਂ ਵਿਚ ਵੇਖਿਆ ਹੀ ਸੀ, ਨੰਬਰ ਲੈ ਕੇ ਮਿਲਦਾ ਸੀ ਪਾਣੀ !

**ਰਾਮ ਸਿੰਘ:**ਠੀਕ ਹੈ! ਪਤਾ ਨਹੀਂ ਜ਼ਮੀਨ ਦਾ ਪਾਣੀ ਐਨਾ ਘੱਟੀ ਕਿਉਂ ਜਾ ਰਿਹਾ ਹੈ। ਸਾਰੇ ਇਸ ਤੋਂ ਪਰੇਸ਼ਾਨ ਨੇ।

**ਮਨਜੀਤ ਸਿੰਘ:** ਹਾਂ, ਪਰ ਪਹਿਲਾਂ ਤਾਂ ਅਜਿਹੀ ਸਮੱਸਿਆ ਨਹੀਂ ਸੀ। ਬਾਬਾ ਦੱਸਦਾ ਹੈ ਕਿ ਉਨ੍ਹਾਂ ਨੇ ਪਿੰਡ ਦੇ ਖੂਹ ਦਾ ਪਾਣੀ ਕਦੀ ਘੱਟਦਾ ਦੇਖਿਆ ਹੀ ਨਹੀਂ ਸੀ।

**ਰਾਮ ਸਿੰਘ:** ਤਾਂ ਫਿਰ ਹੁਣ ਕੀ ਹੋ ਗਿਆ ?

**(ਗੱਲ ਨੂੰ ਵਿਚੋਂ ਕੱਟਦੇ ਹੋਏ)**

**ਮਨਜੀਤ ਸਿੰਘ:** ਔਹ ਸਰਪੰਚ ਸਾਹਬ ਆ ਰਹੇ ਹਨ। ਉਨ੍ਹਾਂ ਨਾਲ ਕਰਦੇ ਹਾਂ ਗੱਲ !

**ਰਾਮ ਸਿੰਘ:** ਹਾਂ, ਠੀਕ ਹੈ ।

**(ਪੈਰਾਂ ਦੀ ਆਵਾਜ਼ ਨੇੜੇ ਆਉਂਦੀ ਹੋਈ)**

**ਮਨਜੀਤ ਸਿੰਘ ਤੇ ਰਾਮ ਸਿੰਘ:** (ਸਮੂਹਿਕ ਸੁਰ ਵਿਚ) ਸਤਿ ਸ੍ਰੀ ਅਕਾਲ ਸਰਪੰਚ ਸਾਹਬ ।

**ਸਰਪੰਚ:** ਸਤਿ ਸ੍ਰੀ ਅਕਾਲ .........। ਹੋਰ ਕਿਵੇਂ ਹੋ ਤੁਸੀਂ।

**ਮਨਜੀਤ ਸਿੰਘ:** ਹਾਲ ਤਾਂ ਚੰਗਾ ਨਹੀਂ ਸਰਪੰਚ ਸਾਹਬ ।

**ਸਰਪੰਚ:** ਕਿਉਂ... ਕੀ ਹੋਇਆ ?

**ਮਨਜੀਤ ਸਿੰਘ:** ਔਹ ਸਾਹਮਣੇ ਬੋਰ ਹੋ ਰਿਹਾ ਹੈ , 80 ਫੁੱਟ ਚਲੇ ਗਏ, ਪਾਣੀ ਦਾ ਅਜੇ ਪਤਾ ਹੀ ਨਹੀਂ।

**ਸਰਪੰਚ:** ਹਾਂ, ਸਮੱਸਿਆ ਤਾਂ ਗੰਭੀਰ ਹੈ। ਪਰ ਕੀ ਕਰੀਏ...। ਆਖ਼ਿਰ ਇਸਦੇ ਜ਼ਿੰਮੇਵਾਰ ਅਸੀਂ ਵੀ ਤਾਂ ਹਾਂ ਹੀ ।

**ਰਾਮ ਸਿੰਘ:** ਆਪਾਂ......। ਇਸਦੇ ਲਈ ਅਸੀਂ ਭਲਾ ਕਿਵੇਂ ਜ਼ਿੰਮੇਵਾਰ ਹੋਏ ਸਰਪੰਚ ਸਾਹਬ ?

**ਸਰਪੰਚ:** ਜ਼ਮੀਨ ਅੰਦਰਲਾ ਪਾਣੀ ਜਦ ਅਸੀਂ ਲਗਾਤਾਰ ਖਿੱਚ ਰਹੇ ਹਾਂ, ਉਹ ਘੱਟੇਗਾ ਨਹੀਂ ! ਚਲ ਮਨਜੀਤ ਸਿੰਘ, ਇਕ ਗੱਲ ਦੱਸ।

**ਮਨਜੀਤ ਸਿੰਘ:** ਜੀ, ਪੁੱਛੋ !

**ਸਰਪੰਚ:**ਵੱਡੇ ਬਾਬੇ ਦੇ ਜ਼ਮਾਨੇ ਵਿੱਚ ਤੁਹਾਡੀ ਜ਼ਮੀਨ ਵਿਚ ਕਿੰਨੇ ਟਿਊਬਵੈੱਲ ਸਨ ?

**ਮਨਜੀਤ ਸਿੰਘ:** ਇੱਕ... ਜਾਂ ਵੱਧ ਤੋਂ ਵੱਧ ਦੋ।

**ਸਰਪੰਚ:** ਹੁਣ ਕਿੰਨੇ ਹਨ ?

**ਮਨਜੀਤ ਸਿੰਘ:** (ਸੋਚਦਾ ਹੋਇਆ) ਇਕ, ਦੋ, ਤਿੰਨ, ਚਾਰ...... ਤੇ ਇਹ ਪੰਜਵਾਂ। ਇਹ ਪੰਜਵਾਂ ਹੈ ਜੀ !

**ਸਰਪੰਚ:** ਤਾਂ ਦੋ ਦੇ ਹੋ ਗਏ ਪੰਜ। ਚੰਗਾ ਹੁਣ ਤੂੰ ਵੀ ਦੱਸ ਰਾਮ ਸਿੰਘ !

**ਰਾਮ ਸਿੰਘ:** ਪਹਿਲਾਂ ਤਾਂ ਓਹੀ...... ਇਕ-ਦੋ ਹੋਣਗੇ। ਪਰ ਅੱਜ ਤਾਂ ਚਾਰ ਟਿਊਬਵੈੱਲ ਚੱਲ ਰਹੇ ਹਨ।

**ਸਰਪੰਚ:**ਹੁਣ ਦੱਸੋ। ਜਦੋਂ ਤੁਹਾਡੇ ਦੋਨਾਂ ਦੇ ਹੀ ਪੰਜ-ਛੇ (5-6) ਟਿਊਬਵੈੱਲ ਵੱਧ ਗਏ ਤਾਂ ਇਹੀ ਹਾਲ ਦੂਸਰਿਆਂ ਦਾ ਵੀ

ਹੈ। ਐਨੇ ਸਾਰੇ ਟਿਊਬਵੈੱਲ ਜਦੋਂ ਲਗਾਤਾਰ ਚੱਲਣਗੇ ਤਾਂ ਜ਼ਮੀਨ ਦਾ ਪਾਣੀ ਤਾਂ ਘੱਟੇਗਾ ਹੀ ਨਾ।

**ਮਨਜੀਤ ਸਿੰਘ:** ਇਹ ਤਾਂ ਠੀਕ ਹੈ ਸਰਪੰਚ ਸਾਹਬ। ਪਰ ਕੀ ਕਰੀਏ, ਖੇਤੀ ਦੇ ਲਈ ਪਾਣੀ ਤਾਂ ਚਾਹੀਦਾ ਹੀ ਹੈ ਨਾ।

**ਸਰਪੰਚ:** ਪਰ ਪਾਣੀ ਦੀ ਵਰਤੋਂ ਤਾਂ ਤਰੀਕੇ ਨਾਲ ਕੀਤੀ ਜਾ ਸਕਦੀ ਹੈ ।

**ਰਾਮ ਸਿੰਘ:** ਤਰੀਕੇ ਨਾਲ ? ਮਤਲਬ......।

**ਸਰਪੰਚ:** ਮਤਲਬ ਕਿ ਲੋੜ ਮੁਤਾਬਕ ਹੀ ਟਿਊਬਵੈੱਲ ਚਲਾਓ। ਮਿਲਦੇ ਪਾਣੀ ਦਾ ਦੁਰਉਪਯੋਗ ਤਾਂ ਨਾ ਕਰੋ।

**ਰਾਮ ਸਿੰਘ:** ਹਾਂ ਜੀ ਕਈ ਵਾਰ ਟਿਊਬਵੈੱਲ ਬੇਲੋੜਾ ਹੀ ਚਲਦਾ ਰਹਿੰਦਾ ਹੈ ਤੇ ਕੋਈ ਦੇਖਣ ਵਾਲਾ ਵੀ ਨਹੀਂ ਹੁੰਦਾ।

**ਸਰਪੰਚ:** ਸ਼ੁਕਰ ਮਨਾਓ ਕਿ ਅਜੇ ਤਾਂ ਪਾਣੀ ਮਿਲ ਰਿਹਾ ਹੈ। ਕਦੇ ਆਪਣੇ ਬੱਚਿਆਂ ਬਾਰੇ ਸੋਚਿਆ ਹੈ ? ਜੇਕਰ ਇਹੀ ਹਾਲ ਰਿਹਾ, ਉਨ੍ਹਾਂ ਨੂੰ ਤਾਂ ਪਾਣੀ ਨਸੀਬ ਹੀ ਨਹੀਂ ਹੋਣਾ।

**ਮਨਜੀਤ ਸਿੰਘ:** ਲੋਕ ਕਹਿੰਦੇ ਵੀ ਹਨ ਤੀਸਰਾ ਵਿਸ਼ਵਯੁੱਧ ਪਾਣੀ ਦੇ ਲਈ ਹੀ ਹੋਵੇਗਾ।

**ਸਰਪੰਚ:** ਦੇਖੋ! ਸਥਿਤੀ ਤਾਂ ਬਣ ਹੀ ਰਹੀ ਹੈ।ਆਸ-ਪਾਸ ਸਾਰੀਆਂ ਥਾਵਾਂ ‘ਤੇ ਪਾਣੀ ਦਾ ਸੰਕਟ ਗੰਭੀਰ ਹੋ ਰਿਹਾ ਹੈ।

**ਮਨਜੀਤ ਸਿੰਘ:** ਸਰਪੰਚ ਸਾਹਬ ! ਕੀ ਜ਼ਮੀਨ ਦੇ ਅੰਦਰ ਪਾਣੀ ਹਮੇਸ਼ਾ ਹੀ ਰਹਿੰਦਾ ਹੈ ?

**ਸਰਪੰਚ:** ਹਾਂ ! ਜ਼ਮੀਨ ਦੇ ਅੰਦਰ ਮਿੱਟੀ ਅਤੇ ਚਟਾਨਾਂ ਦੇ ਵਿਚਕਾਰ ਵੱਡੀ ਮਾਤਰਾ ਵਿਚ ਪਾਣੀ ਜਮ੍ਹਾ ਹੋਇਆ ਰਹਿੰਦਾ ਹੈ। ਇਸੇ ਪਾਣੀ ਨੂੰ ਅਸੀਂ ਟਿਊਬਵੈੱਲ ਆਦਿ ਨਾਲ ਕੱਢ ਕੇ ਵਰਤਦੇ ਹਾਂ ! ਇਸੇਨੂੰ ਕਹਿੰਦੇ ਨੇ ਭੂ-ਜਲ !

**ਮਨਜੀਤ ਸਿੰਘ:** ਲਗਭਗ ਕਿੰਨਾ ਪਾਣੀ ਹੁੰਦਾ ਹੋਵੇਗਾ ਜ਼ਮੀਨ ਅੰਦਰ ?

**ਸਰਪੰਚ:** ਦੇਖ ਬਈ ! ਮੈਨੂੰ ਤਾਂ ਇਹ ਜਾਣਕਾਰੀ ਹੈ ਨਹੀਂ ! ਹਾਂ, ਜੇਕਰ ਤੁਸੀਂ ਜ਼ਮੀਨ ਦੇ ਅੰਦਰ ਦੇ ਪਾਣੀ ਦੇ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਤਾਂ ਕੱਲ੍ਹ ਦੁਪਹਿਰ ਨੂੰ ਪੰਚਾਇਤ ਘਰ ਆ ਜਾਇਓ ।

**ਰਾਮ ਸਿੰਘ:** ਪੰਚਾਇਤ ਘਰ ...। ਕਿਉਂ, ਉਥੇ ਕੀ ਹੈ?

**ਸਰਪੰਚ:** ਬਲਾਕ ਵਿਚੋਂ ਗਰਿਮਾ ਮੈਡਮ ਨੇ ਫੋਨ ਕਰਕੇ ਦੱਸਿਆ ਹੈ ਕਿ ਅੱਜ ਕੱਲ੍ਹ ਪਿੰਡ-ਪਿੰਡ ਜਾ ਕੇ ਭੂ-ਜਲ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।ਕੋਈ ਮਹਿਰ ਆਉਣਗੇ ਜੋ ਪਾਣੀ ਦੇ ਬਹੁਤ ਵੱਡੇ ਜਾਣਕਾਰ ਹਨ। ਉਥੇ ਆ ਜਾਉਗੇ ਤਾਂ ਕਈ ਸਵਾਲਾਂ ਦੇ ਜਵਾਬ ਆਸਾਨੀ ਨਾਲ ਮਿਲ ਜਾਣਗੇ।

**ਮਨਜੀਤ ਸਿੰਘ:** ਹਾਂ, ਹਾਂ, ਕਿਉਂ ਨਹੀਂ। ਇਹ ਤਾਂ ਬਹੁਤ ਵਧੀਆ ਗੱਲ ਹੈ। ਕੀ ਪਤਾ ਉਹ ਲਗਾਤਾਰ ਘੱਟ ਹੋ ਰਹੇ ਪਾਣੀ ਨੂੰ ਬਚਾਉਣ ਦਾ ਕੋਈ ਤਰੀਕਾ ਵੀ ਦੱਸਣ। ਅਸੀਂ ਵੀ ਆਵਾਂਗੇ ਸਰਪੰਚ ਸਾਹਬ ! ਕਿਉਂ ਰਾਮ ਸਿੰਘ ?

**ਰਾਮ ਸਿੰਘ:** ਹਾਂ, ਹਾਂ ! ਕਿੰਨੇ ਵਜੇ ਆਉਣਾ ਹੈ ?

**ਸਰਪੰਚ:** ਉਨ੍ਹਾਂ ਨੇ ਗਿਆਰਾਂ ਵਜੇ ਦਾ ਟਾਈਮ ਦਿੱਤਾ ਹੈ। ਤੁਸੀਂ ਕੁੱਝ ਪਹਿਲਾਂ ਹੀ ਆ ਜਾਇਓ।

**ਰਾਮ ਸਿੰਘ:** ਅਸੀਂ ਜਰੂਰ ਪਹੁੰਚ ਜਾਵਾਂਗੇ ਵਕਤ ਸਿਰ !

**ਸਰਪੰਚ:** ਚਲੋ ! ਕੱਲ੍ਹ ਨੂੰ ਮਿਲਦੇ ਹਾਂ ਫਿਰ।

**ਰਾਮ ਸਿੰਘ ਤੇ ਮਨਜੀਤ ਸਿੰਘ:** (ਇਕ ਸੁਰ ‘ਚ) ਸਤਿ ਸ੍ਰੀ ਅਕਾਲ ਸਰਪੰਚ ਸਾਹਬ ।

**ਸਰਪੰਚ:** ਸਤਿ ਸ੍ਰੀ ਅਕਾਲ ।

(ਹੌਲੀ-ਹੌਲੀ ਦੂਰ ਹੁੰਦੀ ਹੋਈ ਆਵਾਜ਼)

..................ਦ੍ਰਿਸ਼ ਬਦਲਾਅ ਸੰਗੀਤ ............

## ਦ੍ਰਿਸ਼ - ਦੂਜਾ

(ਕੁੱਝ ਲੋਕਾਂ ਦੇ ਹੌਲੀ-ਹੌਲੀ ਗੱਲ ਕਰਨ ਦਾ ਸੁਰ/ ਕੁਰਸੀ-ਮੇਜ਼ ਖਿਸਕਾਉਣ ਦੀ ਆਵਾਜ਼)

**ਸਰਪੰਚ:** ਆਓ, ਆਓ। ਬਈ, ਬੈਠੋ !

**ਰਾਮ ਸਿੰਘ ਤੇ ਮਨਜੀਤ ਸਿੰਘ:** (ਇਕ ਸੁਰ 'ਚ) ਸਤਿ ਸ੍ਰੀ ਅਕਾਲ ਸਰਪੰਚ ਸਾਹਬ।

**ਸਰਪੰਚ:** ਸਤਿ ਸ੍ਰੀ ਅਕਾਲ। ਚੰਗਾ ਹੈ, ਵਕਤ ਸਿਰ ਆ ਗਏ।

**ਮਨਜੀਤ ਸਿੰਘ:** ਹੁਣ ਤਾਂ ਉਹ ਲੋਕ ਵੀ ਆਉਣ ਵਾਲੇ ਹੋਣਗੇ।

**ਸਰਪੰਚ:** ਹਾਂ, ਕੁੱਝ ਸਮਾਂ ਪਹਿਲਾਂ ਮੇਰੀ ਗੱਲ ਹੋਈ ਸੀ। ਬਸ ਪਹੁੰਚਣ ਹੀ ਵਾਲੇ ਹੋਣਗੇ।

**ਰਾਮ ਸਿੰਘ:** ਸਰਪੰਚ ਸਾਹਬ ! ਆਹ ਤਾਂ ਤੁਸੀਂ ਚੰਗਾ ਕੀਤਾ ਕਿ ਪਿੰਡ ਦੇ ਸਾਰੇ ਲੋਕਾਂ ਨੂੰ ਬੁਲਾ ਲਿਆ। ਜ਼ਮੀਨ ਹੇਠਲੇ ਪਾਣੀ ਬਾਰੇ ਸਭ ਨੂੰ ਜਾਣਕਾਰੀ ਮਿਲ ਜਾਵੇਗੀ।

**ਸਰਪੰਚ:** (ਵਿਚ ਦੀ ਗੱਲ ਨੂੰ ਕੱਟਦੇ ਹੋਏ) ਆਹ ਲਓ......। ਅਧਿਕਾਰੀ ਵੀ ਆ ਗਏ।

**(ਕਾਰ ਦੀ ਆਵਾਜ਼ ਨੇੜੇ ਆਉਦੀ ਹੋਈ ... ਕਾਰ ਰੁਕਣ/ ਬ੍ਰੇਕ ਦੀ ਆਵਾਜ਼)**

**ਸਰਪੰਚ:** ਨਮਸਕਾਰ ਮੈਡਮ ਜੀ। ਆਓ-ਆਓ। ਅਸੀਂ ਸਭ ਤੁਹਾਡਾ ਹੀ ਇੰਤਜ਼ਾਰ ਕਰ ਰਹੇ ਹਾਂ।

**ਗਰਿਮਾ:** ਨਮਸਕਾਰ ਸਰਪੰਚ ਜੀ। ਕਿਵੇਂ ਹੋ ਤੁਸੀਂ ?

**ਸਰਪੰਚ:** ਅਸੀਂ ਠੀਕ ਹਾਂ ਜੀ !

**ਗਰਿਮਾ:** ਮੇਰੇ ਨਾਲ ਡਾ. ਮਨੋਜ ਜੀ ਆਏ ਹਨ । ਇਹ ਪਾਣੀ ਦੇ ਮਾਹਰ ਨੇ ! ਪਾਣੀ ਬਾਬਤ ਜੋ ਮੁਸ਼ਕਲਾਂ ਦਰਪੇਸ਼ ਹਨ ਉਨ੍ਹਾਂ ਬਾਬਤ ਗੱਲ ਬਾਤ ਕਰਨਗੇ !

**ਸਰਪੰਚ:** ਨਮਸਕਾਰ ਡਾ. ਸਾਹਿਬ ਜੀ। ਸਾਡੇ ਪਿੰਡ ਵਿਚ ਤੁਹਾਡਾ ਸਵਾਗਤ ਹੈ। ਬੈਠੋ ਤੁਸੀਂ... ਬੈਠੋ।

**(ਕੁਰਸੀ ਖਿਸਕਾਉਣ ਦੀ ਆਵਾਜ਼)**

**ਡਾ. ਮਨੋਜ:** ਨਮਸਕਾਰ ਜੀ । ਧੰਨਵਾਦ।

**ਸਰਪੰਚ:** ਮੈਡਮ ਜੀ, ਲੋਕ ਵੀ ਬਹੁਤ ਆ ਚੁੱਕੇ ਹਨ। ਪ੍ਰੋਗਾਰਮ ਸ਼ੁਰੂ ਕਰੀਏ ਹੁਣ?

**ਗਰਿਮਾ:** ਹਾਂ, ਹਾਂ, ਬਿਲਕੁਲ।

**ਸਰਪੰਚ:** ਨਗਰ ਨਿਵਾਸੀਓ ! ਮੈਂ ਤੁਹਾਡੀ ਜਾਣ-ਪਛਾਣ ਸਾਡੇ ਮਹਿਮਾਨਾਂ ਨਾਲ ਕਰਾਉਣਾ ਚਾਹੁੰਦਾ ਹਾਂ। ਇਹ ਹਨ ਗਰਿਮਾ, ਸਾਡੇ ਬਲਾਕ ਦੇ ਬੀ.ਡੀ.ਪੀ.ਓ. ਅਤੇ ਇਨ੍ਹਾਂ ਦੇ ਨਾਲ ਹਨ ਡਾ. ਮਨੋਜ। ਡਾ. ਮਨੋਜ ਪਾਣੀ ਦੇ ਬਹੁਤ ਦੇ ਵੱਡੇ ਮਾਹਰ ਹਨ। ਗ੍ਰਾਮ ਪੰਚਾਇਤ ਵਲੋਂ ਮੈਂ ਇਨ੍ਹਾਂ ਦਾ ਤਹਿ ਦਿਲੋਂ ਸਵਾਗਤ ਕਰਦਾ ਹਾਂ।

**(ਤਾੜੀਆਂ ਦੀ ਆਵਾਜ਼)**

**ਸਰਪੰਚ:** ਅਸੀਂ ਸਾਰੇ ਜਾਣਦੇ ਹੀ ਹਾਂ ਕਿ ਪਾਣੀ ਦਾ ਸੰਕਟ ਲਗਾਤਾਰ ਵਧ ਰਿਹਾ ਹੈ। ਅੱਜ ਗਰਿਮਾ ਜੀ ਤੇ ਡਾ. ਮਨੋਜ

ਜੀ ਸਾਨੂੰ ਪਾਣੀ ਬਾਰੇ, ਖ਼ਾਸ ਤੌਰ ’ਤੇ ਧਰਤੀ ਅੰਦਰਲੇ ਪਾਣੀ ਬਾਰੇ ਜਾਣਕਾਰੀ ਦੇਣਗੇ। ਤੁਸੀਂ ਆਪਣੇ ਸ਼ੰਕਿਆਂ ਦੀ ਨਵਿਰਤੀ ਵੀ ਕਰ ਲੈਣਾ ! ਆਪਣੇ ਮਨਾਂ ਵਿੱਚ ਆਏ ਪ੍ਰਸ਼ਨ ਵੀ ਤੁਸੀਂ ਇਨ੍ਹਾਂ ਤੋਂ ਪੁੱਛ ਲੈਣਾ ! ਮੈਂ ਮੈਡਮ ਗਰਿਮਾ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਗੱਲ ਪਿੰਡ ਵਾਲਿਆਂ ਦੇ ਸਾਹਮਣੇ ਰੱਖਣ।

**ਗਰਿਮਾ:** ਧੰਨਵਾਦ ਸਰਪੰਚ ਜੀ। ਭਾਈਓ-ਭੈਣੋ ਨਮਸਤੇ। ਭੂ-ਜਲ ਦੀ ਸਮੱਸਿਆ ਦੇ ਹੱਲ ਵਾਸਤੇ ਭੂ-ਜਲ ਸੁਰੱਖਿਅਣ ਪ੍ਰੋਗਰਾਮ ਤਹਿਤ ਲੋਕਾਂ ਨੂੰ ਧਰਤੀ ਹੇਠਲੇ ਪਾਣੀ ਬਾਬਤ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸੇ ਜਾਣਕਾਰੀ ਨੂੰ ਸਾਂਝੀ ਕਰਨ ਲਈ ਅਸੀਂ ਅੱਜ ਇੱਥੇ ਆਏ ਹਾਂ।

**ਮਨਜੀਤ ਸਿੰਘ:** ਮੈਡਮ ਜੀ, ਸਾਨੂੰ ਤਾਂ ਸਮਝ ਨਹੀਂ ਆ ਰਹੀ ਕਿ ਜ਼ਮੀਨ ਦੇ ਅੰਦਰਲਾ ਪਾਣੀ ਚਲਿਆ ਕਿੱਥੇ ਗਿਆ ਐਨੀ ਵੱਡੀ ਮੁਸ਼ਕਲ ਬਣ ਕਿਉਂ ਗਿਆ ਹੈ?

**ਗਰਿਮਾ:** ਹਾਂ ਜੀ ! ਇਹ ਇਕ ਵੱਡੀ ਸਮੱਸਿਆ ਹੈ।ਧਰਤੀ ਹੇਠਲੇ ਪਾਣੀ ਦੀ ਇਸ ਕਮੀ ਦੇ ਕਈ ਕਾਰਨ ਹਨ......।

**ਮਨਜੀਤ ਸਿੰਘ:** ਕਈ ਕਾਰਨ?

**ਗਰਿਮਾ:** ਜੀ ਹਾਂ। ਇੱਕ ਕਿ ਅਸੀਂ ਧਰਤੀ ਅੰਦਰਲੇ ਪਾਣੀ ਦੀ ਅੰਧਾ-ਧੁੰਧ ਵਰਤੋਂ ਕੀਤੀ ਹੈ ! ਦੂਜਾ ਕਿ ਅਸੀਂ ਉਦਯੋਗ ਧੰਦਿਆਂ ਤੋਂ ਨਿਕਲੇ ਗੰਦੇ ਪਾਣੀ ਨੂੰ ਵੀ ਸਾਫ ਕਰਕੇ ਨਹੀਂ ਵਰਤਿਆ, ਬਸ ਐਵੇ ਹੀ ਵਹਾ ਦਿੱਤਾ।

**ਮਨਜੀਤ ਸਿੰਘ:** ਆਹ ਕਾਰਖਾਨਿਆਂ ਦੇ ਗੰਦੇ ਪਾਣੀ ਨੇ ਤਾਂ ਸਾਡਾ ਲੁਧਿਆਣੇ ਵਾਲਿਆਂ ਦਾ ਤਾਂ ਨੱਕ ਵਿੱਚ ਦਮ ਕਰ ਰੱਖਿਆ ਹੈ ।

**ਗਰਿਮਾ:** ਹਾਂ ! ਗੰਦੇ ਪਾਣੀ ਨੂੰ ਸਾਫ ਕੀਤੇ ਬਿਨਾ ਕਈ ਵਾਰ ਦਰਿਆਵਾਂ ਵਿੱਚ ਪਾ ਦਿੱਤਾ ਜਾਂਦਾ ਹੈ ਜਿਸ ਨਾਲ ਭੂ-ਜਲ ਦਾ ਵੀ ਪ੍ਰਦੂਸ਼ਣ ਹੋ ਜਾਂਦਾ ਹੈ ! “ਕਾਰਖਾਨਿਆਂ ਦੀਆਂ ਗੰਦੀਆਂ ਜਹਿਰਾਂ ਰੋੜ੍ਹ ਦਿੰਦੇ ਵਿੱਚ ਸਾਡੀਆਂ ਨਹਿਰਾਂ”।

**ਹਰਜੀਤ ਕੌਰ:** (ਹੈਰਾਨੀ ਨਾਲ) ਜ਼ਮੀਨ ਅੰਦਰ ਵੀ ਪ੍ਰਦੂਸ਼ਣ...।

**ਗਰਿਮਾ:** ਹਾਂ ! ਪੰਜਾਬ ਦੇ ਤਾਂ ਸਾਰੇ ਦੇ ਸਾਰੇ 12,289 ਪਿੰਡਾਂ ਵਿੱਚ ਪੀਣਯੋਗ ਪਾਣੀ ਉਪਲਬਧ ਨਹੀਂ ! ਮਾਲਵੇ ਦੇ ਬਹੁਤੇ ਪਿੰਡਾਂ ਦੇ ਪਾਣੀ ਵਿੱਚ ਫਲੋਰਾਈਡ ਦੀ ਮਾਤਰਾ ਜਿਆਦਾ ਹੈ , ਨਵੇਂ ਸ਼ਹਿਰ ਵੱਲ ਯੁਰਨੀਅਮ ਵੀ ਪਾਇਆ ਗਿਆ ਹੈ । ਕਪੂਰਥਲੇ ਦੇ ਕਈ ਪਿੰਡਾਂ ਵਿੱਚ ਤਾਂ ਪਾਣੀ ਬਿਲਕੁਲ ਪੀਲਾ ਨਿੱਕਲਦਾ ਹੈ !

**ਹਰਜੀਤ ਕੌਰ:** ਜ਼ਮੀਨ ਦੇ ਅੰਦਰਲੇ ਪਾਣੀ ਨੂੰ ਪ੍ਰਦੂਸ਼ਿਤ ਕਿਹੜੇ-ਕਿਹੜੇ ਤੱਤ ਕਰਦੇ ਹਨ ?

**ਗਰਿਮਾ:** ਆਰਸੈਨਿਕ, ਫਲੋਰਾਈਡ, ਆਇਰਨ, ਯੁਰੇਨੀਅਮ, ਨਾਈਟ੍ਰੇਟ ਵਰਗੇ ਤੱਤਾਂ ਦਾ ਵਾਧਾ ਭੂ-ਜਲ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਇਨ੍ਹਾਂ ਵਿਚੋਂ ਆਰਸੈਨਿਕ ਨੂੰ ਸਭ ਤੋਂ ਵੱਧ ਖ਼ਤਰਨਾਕ ਮੰਨਿਆ ਜਾਂਦਾ ਹੈ।

**ਡਾ. ਮਨੋਜ:** ਸਾਡੇ ਦਸ ਸੂਬੇ ਇਸ ਨਾਲ ਵੱਧ ਪ੍ਰਭਾਵਿਤ ਹਨ। ਇਨ੍ਹਾਂ ਵਿਚ ਨੇ ਹਰਿਆਣਾ, ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਝਾਰਖੰਡ, ਛੱਤੀਸਗੜ, ਪੱਛਮੀ ਬੰਗਾਲ, ਆਸਾਮ, ਮਨੀਪੁਰ ਅਤੇ ਕਰਨਾਟਕ ਸ਼ਾਮਿਲ ਹਨ।

**ਹਰਜੀਤ ਕੌਰ:** ਕੀ ਕਾਰਨ ਹੈ ਕਿ ਜ਼ਮੀਨ ਅੰਦਰਲਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ।

**ਗਰਿਮਾ:** ਇਸ ਦੇ ਕਈ ਕਾਰਨ ਹਨ......। ਘਰੇਲੂ ਸੀਵਰੇਜ, ਸੈਪਿਟਕ ਟੈਂਕ, ਉਦਯੋਗਾਂ ਤੋਂ ਨਿਕਲਣ ਵਾਲਾ ਕਚਰਾ ਵਗੈਰਾ। ਖੇਤੀ ਖੇਤਰ ਵਿਚ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਦੀ ਲੋੜੋਂ ਵੱਧ ਵਰਤੋਂ ਵੀ ਇਸਦਾ ਕਾਰਨ ਹੈ।

**ਰਾਮ ਸਿੰਘ:** ਪਰ ,ਜ਼ਮੀਨ ਹੇਠਾਂ ਪਾਣੀ ਤਾਂ ਬਹੁਤ ਜ਼ਿਆਦਾ ਹੁੰਦਾ ਹੋਵੇਗਾ ਨਾ......।

**ਡਾ. ਮਨੋਜ:** ਜੀ ਹਾਂ। ਪਾਣੀ ਨੂੰ ਨਾਪਣ ਦੀ ਇਕਾਈ ਹੈ ਘਣਮੀਟਰ। ਇਕ ਮੀਟਰ ਲੰਬੀ, ਇਕ ਮੀਟਰ ਚੌੜੀ ਤੇ ਇਕ ਮੀਟਰ ਉੱਚੀ ਚੌਰਸ ਟੈਂਕੀ ਵਿਚ ਭਰਿਆ ਪਾਣੀ... ਇਕ ਘਣਮੀਟਰ ਹੁੰਦਾ ਹੈ !

**ਗਰਿਮਾ:** ਭਾਰਤ ਵਿਚ ਰਿਸ ਕੇ ਜ਼ਮੀਨ ਅੰਦਰ ਜਾਣ ਵਾਲੇ ਪਾਣੀ ਦੀ ਸਾਲਾਨਾ ਮਾਤਰਾ ਲਗਭਗ ਪੈਂਤੀ ਅਰਬ ਘਣਮੀਟਰ ਹੈ। ਪੂਰੇ ਦੇਸ਼ ਵਿੱਚ ਚਾਰ ਸੌ (400) ਅਰਬ ਘਣਮੀਟਰ ਤੋਂ ਜ਼ਿਆਦਾ ਪਾਣੀ ਧਰਤੀ ਹੇਠ ਰਹਿੰਦਾ ਹੈ।

**ਰਾਮ ਸਿੰਘ:** ਅੱਛਾ ......! ਇਹ ਆਉਂਦਾ ਕਿੱਥੋਂ ਹੋਵੇਗਾ ?

**ਡਾ. ਮਨੋਜ:** ਭੂ-ਜਲ ਦਾ ਸਭ ਤੋਂ ਵੱਡਾ ਸ੍ਰੋਤ ਹੈ ਮੀਂਹ ! ਜ਼ਮੀਨ ਅੰਦਰ ਲਗਭਗ 70% ਪਾਣੀ ਮੀਂਹ ਨਾਲ ਤੇ ਬਾਕੀ 30% ਦੂਸਰੇ ਸਾਧਨਾਂ ਤੋਂ ਆਉਂਦਾ ਹੈ। ਜਿਵੇਂ ਕਿ ਨਹਿਰਾਂ ਤੋਂ, ਤਲਾਬਾਂ ਤੋਂ...... ਜਾਂ ਫਿਰ ਥੋੜ੍ਹਾ-ਬਹੁਤ ਸਿੰਚਾਈ ਵਾਲਾ ਪਾਣੀ ਵੀ ਜ਼ਮੀਨ ਅੰਦਰ ਚਲਿਆ ਜਾਂਦਾ ਹੈ।

**ਰਾਮ ਸਿੰਘ:** ਜਦੋਂ ਐਨਾ ਪਾਣੀ ਜ਼ਮੀਨ ਹੇਠਾਂ ਜਾ ਰਿਹਾ ਹੈ ਤਾਂ ਫਿਰ ਚਿੰਤਾ ਕਿਉਂ ?

**ਡਾ. ਮਨੋਜ:** ਚਿੰਤਾ ਇਸ ਲਈ ਕਿ ਜਿੰਨਾ ਪਾਣੀ ਜ਼ਮੀਨ ਦੇ ਹੇਠਾਂ ਜਾ ਰਿਹਾ ਹੈ, ਉਸ ਨਾਲੋਂ ਕਾਫੀ-ਵੱਧ ਪਾਣੀ ਅਸੀਂ ਜ਼ਮੀਨ ਵਿਚੋਂ ਕੱਢ ਰਹੇ ਹਾਂ। ਇਸ ਨਾਲ ਭੂ-ਜਲ ਪੱਧਰ ਲਗਾਤਾਰ ਡਿਗ ਰਿਹਾ ਹੈ।

**ਮਨਜੀਤ ਸਿੰਘ:** ਸਾਡੇ ਪਿੰਡ ਵਿਚ ਤਾਂ ਭੂ-ਜਲ ਪੱਧਰ ਤਾਂ ਕਾਫੀ ਹੇਠਾਂ ਚਲਿਆ ਗਿਆ। ਮੈਂ ਇੱਕ ਨਵਾਂ ਬੋਰ ਕਰ ਰਿਹਾ ਹਾਂ, 80 ਫੁੱਟ ’ਤੇ ਵੀ ਪਾਣੀ ਨਹੀਂ ਨਿਕਲਿਆ ।

**ਡਾ. ਮਨੋਜ:** 80 ਫੁੱਟ...! ਫਿਰ ਤਾਂ ਤੁਹਾਡੇ ਪਿੰਡ ਦੀ ਸਥਿਤੀ ਗੰਭੀਰ ਹੈ।

**ਸਰਪੰਚ:** ਸਰ, ਵੈਸੇ ਭੂ-ਜਲ ਪੱਧਰ ਹੁੰਦਾ ਕਿੰਨਾ ਹੈ?

**ਡਾ. ਮਨੋਜ:** ਇਹ ਅਲੱਗ-ਅਲੱਗ ਥਾਵਾਂ ’ਤੇ ਅਲੱਗ-ਅਲੱਗ ਹੋ ਸਕਦਾ ਹੈ। ਭਾਰਤ ਸਰਕਾਰ ਦੇ ਜਲ ਸੰਸਾਧਨ ਮੰਤਰਾਲੇ ਦਾ ਕੇਂਦਰੀ ਭੂ-ਜਲ ਬੋਰਡ ਹਰ ਸਾਲ ਦੇਸ਼ ਦੇ ਭਿੰਨ-ਭਿੰਨ ਹਿੱਸਿਆਂ ਵਿਚ ਭੂ-ਜਲ ਪੱਧਰ ਨੂੰ ਨਾਪਦਾ ਹੈ।

**ਸਰਪੰਚ:** ਕਿੰਨਾ ਦੱਸਿਆ ਹੈ , ਭੂ-ਜਲ ਪੱਧਰ, ਇਸ ਬੋਰਡ ਨੇ ?

**ਡਾ. ਮਨੋਜ:** ਅਲੱਗ-ਅਲੱਗ ਹਿੱਸਿਆਂ ‘ਚ 14770 ਖੂਹਾਂ ਦੇ ਅਧਿਐਨ ਦੀ ਰਿਪੋਰਟ ਅਨੁਸਾਰ ਦੇਸ਼ ਦਾ ਔਸਤਨ ਭੂ-ਜਲ ਪੱਧਰ 2 ਤੋਂ 20 ਮੀਟਰ ਤੱਕ ਹੈ। ਪਰ ਕੁਝ ਕੁ ਸਥਾਨਾਂ ‘ਤੇ ਭੂ-ਜਲ ਪੱਧਰ 100 ਮੀਟਰ ਤੋਂ ਵੀ ਜ਼ਿਆਦਾ ਹੈ।

**ਰਾਮ ਸਿੰਘ:** ਹੈਂ ! 100 ਮੀਟਰ...... ?

**ਡਾ. ਮਨੋਜ:** ਜੀ ਹਾਂ। ਸਭ ਤੋਂ ਵੱਧ ਡੂੰਘਾ ਭੂ-ਜਲ ਪੱਧਰ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਵਿਚ 153 ਮੀਟਰ ਹੈ ਦਿੱਲੀ ਅਤੇ ਰਾਜਸਥਾਨ ਦੇ ਕਈ ਹਿੱਸਿਆਂ ਵਿਚ 40 ਮੀਟਰ ਤੋਂ ਵੱਧ ਡੂੰਘਾਈ ’ਤੇ ਪਾਣੀ ਮਿਲਿਆ।

**ਗਰਿਮਾ:** ਪਿਛਲੇ ਸਾਲਾਂ ਦੀ ਤੁਲਨਾ ਵਿੱਚ ਜ਼ਿਆਦਾਤਰ ਸਥਾਨਾਂ ‘ਤੇ ਭੂ-ਜਲ ਪੱਧਰ ਵਿਚ ਗਿਰਾਵਟ ਆਈ ਹੈ।ਪੰਜਾਬ ਦੇ 105 ਬਲਾਕਾਂ ਨੂੰ ਤਾਂ ਕਾਲੇ ਬਲਾਕ ਕਹਿ ਦਿੱਤਾ ਗਿਆ ਹੈ ।ਮਾਨਸਾ ਜਿਲ੍ਹੇ ਵਿੱਚ ਪਾਣੀ ਸੈਂਕੜੇ ਫੁੱਟ ਡੂੰਘਾ ਹੈ ।

**ਰਾਮ ਸਿੰਘ:** ਤਾਂ ਕੀ ਸਾਰੇ ਰਾਜਾਂ ਵਿਚ ਅਜਿਹੀ ਹੀ ਸਥਿਤੀ ਹੈ?

**ਡਾ. ਮਨੋਜ:** ਨਹੀਂ ! ਆਸਾਮ, ਆਂਧਰਾ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਗੁਜਰਾਤ ਆਦਿ ਰਾਜਾਂ ਦੇ ਕੁਝ ਹਿੱਸਿਆਂ ਵਿਚ ਭੂ-

ਜਲ ਪੱਧਰ 2 ਮੀਟਰ ਦੇ ਲਗਭਗ ਹੈ।

**ਰਾਮ ਸਿੰਘ:** ਤਾਂ ਫਿਰ ਭੂ-ਜਲ ਪੱਧਰ ਨੂੰ ਬਣਾਈ ਰੱਖਣ ਲਈ ਕੀ ਕੀਤਾ ਜਾਵੇ ?

**ਡਾ. ਮਨੋਜ:** ਭੂ-ਜਲ ਨੂੰ ਬਣਾਈ ਰੱਖਣ ਵਾਲੇ ਸ੍ਰੋਤਾਂ ਨੂੰ ਵਧਾਉਣਾ ਹੋਵੇਗਾ।ਧਰਤੀ ਹੇਠਲੇ ਪਾਣੀ ਦੇ ਭੰਡਾਰ ਦੀ ਮੁੜ ਭਰਾਈ ਦੇ ਉਪਾਅ ਕਰਨੇ ਹੋਣਗੇ।

**ਹਰਜੀਤ ਕੌਰ:** ਪਰ ਸਾਨੂੰ ਆਪਣੀ ਜ਼ਰੂਰਤ ਦਾ ਪਾਣੀ ਤਾਂ ਕੱਢਣਾ ਹੀ ਪਵੇਗਾ ਨਾ?

**ਡਾ. ਮਨੋਜ:** ਠੀਕ ਹੈ ! ਜ਼ਰੂਰਤ ਦਾ ਪਾਣੀ ਤਾਂ ਕੱਢੋ ਪਰ ਉਸਨੂੰ ਬਰਬਾਦ ਨਾ ਕਰੋ। ਵਿਕਾਸ ਦੀਆਂ ਨੀਤੀਆਂ ਵਿੱਚ ਪਾਣੀ ਦੇ ਸੁਰੱਖਿਅਣ ਦਾ ਵੀ ਧਿਆਨ ਰੱਖਿਆ ਜਾਵੇ।

**ਰਾਮ ਸਿੰਘ:** ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?

**ਡਾ. ਮਨੋਜ:** ਪਾਣੀ ਨੂੰ ਬਚਾਉਣ ‘ਤੇ ਧਿਆਨ ਦੇਣ ਦੀ ਲੋੜ ਹੈ। ਭੂ-ਜਲ ਦਾ ਸਭ ਤੋਂ ਵੱਡਾ ਸ੍ਰੋਤ ਹੈ ਮੀਂਹ। ਮੀਂਹ ਦੇ ਪਾਣੀ ਨੂੰ ਸਹੇਜ ਕੇ ਬੇਕਾਰ ਵਹਿਣ ਤੋਂ ਰੋਕਿਆ ਜਾਵੇ !

**ਗਰਿਮਾ:** ਮੀਂਹ ਦਾ ਪਾਣੀ ਤਾਂ ਪਹਿਲਾਂ ਟੋਭਿਆਂ ਵਿੱਚ ਭਰ ਜਾਂਦਾ ਸੀ ਇਨ੍ਹਾਂ ਵਿੱਚ ਇਕੱਠਾ ਹੋਇਆ ਪਾਣੀ ਹੌਲੀ-ਹੌਲੀ ਜ਼ਮੀਨ ਹੇਠਾਂ ਚਲਿਆ ਜਾਂਦਾ ਸੀ। ਬਸ ਬਣਿਆ ਰਹਿੰਦਾ ਸੀ ਭੂ-ਜਲ ਪੱਧਰ ਆਪਣੇ ਆਪ !

**ਹਰਜੀਤ ਕੌਰ:** ਹਾਂ ਜੀ ! ਇਹ ਤਾਂ ਬਹੁਤ ਹੀ ਸਸਤਾ ਤੇ ਸੌਖਾ ਤਰੀਕਾ ਸੀ ! ਪਰ ਹੁਣ ਟੋਭੇ ਕਿੱਥੇ ?

**ਰਾਮ ਸਿੰਘ:** ਮਰ ਗਏ ਟੋਭੇ ! ਭਰ ਗਏ ਟੋਭੇ, ਮਰ ਗਏ ਟੋਭਿਆਂ ਦੁਆਲੇ ਪਿੱਪਲ, ਬੋਹੜ ਤੇ ਨਿੰਮ ਵੀ !

**ਗਰਿਮਾ:** ਬਿਲਕੁਲ ਠੀਕ ! ਪੇੜ-ਪੌਦੇ ਵੀ ਮੀਂਹ ਦੇ ਪਾਣੀ ਨੂੰ ਰੋਕਣ ਦਾ ਕੰਮ ਕਰਦੇ ਹਨ।ਅਸੀਂ ਰੁੱਖ ਲਗਾ ਕੇ ਵੀ ਮੀਂਹ ਦੇ ਪਾਣੀ ਨੂੰ ਸਹੇਜ ਸਕਦੇ ਹਾਂ !

**ਡਾ. ਮਨੋਜ:** ਜ਼ਮੀਨ ਅੰਦਰ ਪਾਣੀ ਘੱਟ ਪਹੁੰਚ ਰਿਹਾ ਹੈ, ਭੂ-ਜਲ ਦਾ ਦੋਹਨ ਹੋ ਰਿਹਾ ਹੈ ਲਗਾਤਾਰ! ਮੁੜ-ਭਰਾਈ ਘੱਟ ਤੇ ਵਰਤੋਂ ਜ਼ਿਆਦਾ! ਸਥਿਤੀ ਹੁੰਦੀ ਜਾ ਰਹੀ ਹੈ ਚਿੰਤਾਜਨਕ ।

**ਮਨਜੀਤ ਸਿੰਘ:** ਡਾ. ਸਾਹਿਬ ! ਕੀ ਕੋਈ ਅਜਿਹਾ ਤਰੀਕਾ ਵੀ ਹੈ ਜਿਸ ਨਾਲ ਪਤਾ ਚੱਲ ਸਕੇ ਕਿ ਪਹਿਲਾਂ ਭੂ-ਜਲ ਦੀ ਕੀ ਸਥਿਤੀ ਸੀ ਤੇ ਹੁਣ ਕੀ ਹੈ?

**ਡਾ. ਮਨੋਜ:** ਹਾਂ... ਹੈ ! ਭੂ-ਜਲ ਦੋਹਨ ਪ੍ਰਤੀਸ਼ਤ ਦੇ ਜ਼ਰੀਏ ਇਸਨੂੰ ਸਮਝਿਆ ਜਾ ਸਕਦਾ ਹੈ।

**ਮਨਜੀਤ ਸਿੰਘ:** ਮਤਲਬ ?

**ਡਾ. ਮਨੋਜ:** ਧਰਤੀ ਦੇ ਅੰਦਰ ਰਿਸੇ ਪਾਣੀ ਦੀ ਮਾਤਰਾ ਤੇ ਧਰਤੀ ਹੇਠੋਂ ਕੱਢੇ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਲਾਇਆ ਜਾਂਦਾ ਹੈ।ਪਾਣੀ ਨਿਕਾਸੀ ਦੇ ਤੇ ਜਮ੍ਹਾ ਹੋਣ ਦੇ ਸਬੰਧ ਦੇ ਪ੍ਰਤੀਸ਼ਤ ਨੂੰ ਕਹਿੰਦੇ ਨੇ ਭੂ-ਜਲ ਦੋਹਨ ਪ੍ਰਤੀਸ਼ਤ !

**ਹਰਜੀਤ ਕੌਰ :** ਤੁਹਾਡੀ ਗੱਲ ਮੇਰੇ ਤਾਂ ਪੱਲੇ ਪਈ ਨਹੀਂ !

**ਡਾ. ਮਨੋਜ:** ਮੰਨ ਲਓ, ਕਿਸੇ ਸਾਲ ਜ਼ਮੀਨ ਅੰਦਰ 100 ਲੀਟਰ ਪਾਣੀ ਪਹੁੰਚਿਆ ਪਰ 70 ਲੀਟਰ ਪਾਣੀ ਉਥੋਂ ਕੱਢ ਲਿਆ, ਤਾਂ ਉਥੇ ਭੂ-ਜਲ ਦੋਹਨ 70 % ਕਹਾਉਂਦਾ ਹੈ... ਜੋ ਸੁਰੱਖਿਅਤ ਮੰਨਿਆ ਗਿਆ ਹੈ।ਜੇ ਅਸੀਂ ਧਰਤੀ ਵਿਚੋਂ ਕੱਢ ਲਿਆ 120 ਲੀਟਰ ਤਾਂ ਭੂ-ਜਲ ਦੋਹਨ 120% ਕਹਾਉਂਦਾ ਹੈ, ਜੋ ਇਕ ਬੇਹੱਦ ਗੰਭੀਰ ਸਥਿਤੀ ਹੋਵੇਗੀ।

**ਰਾਮ ਸਿੰਘ:** (ਕੁਝ ਹੱਸਦੇ ਹੋਏ) ਇਹ ਤਾਂ ਹੋਈ ਗੱਲ , ਆਮਦਨੀ ਅਠੰਨੀ, ਖਰਚ ਰੁਪੱਈਆ।

**ਡਾ. ਮਨੋਜ:** ਜੀ ਹਾਂ, ਦਿੱਲੀ, ਹਰਿਆਣਾ, ਪੰਜਾਬ ਤੇ ਰਾਜਸਥਾਨ... ਅਜਿਹੇ ਚਾਰ ਸੂਬੇ ਹਨ, ਜਿੱਥੇ ਮੁੜ ਭਰਾਈ ਦੇ ਮੁਕਾਬਲੇ ਪਾਣੀ ਕੱਢਿਆ ਜ਼ਿਆਦਾ ਜਾ ਰਿਹਾ ਹੈ।ਇਨ੍ਹਾਂ ਰਾਜਾਂ ਵਿਚ ਸਥਿਤੀ ਬਹੁਤ ਗੰਭੀਰ ਹੁੰਦੀ ਜਾ ਰਹੀ ਹੈ।

**ਸਰਪੰਚ:** ਹੋਰ ਰਾਜਾਂ ਦੀ ਸਥਿਤੀ ਕੀ ਹੈ?

**ਡਾ. ਮਨੋਜ:** ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਪਾਂਡੂਚੇਰੀ ਤੇ ਤਾਮਿਲਨਾਡੂ ਵਿਚ ਵੀ ਸਥਿਤੀ ਚਿੰਤਾਜਨਕ ਹੈ।ਇਹ ਰਾਜ 70 % ਦੇ ਸੁਰੱਖਿਅਤ ਦਾਇਰੇ ਤੋਂ ਜ਼ਿਆਦਾ ਪਾਣੀ ਕੱਢ ਰਹੇ ਹਨ।ਜ਼ਿਆਦਾ ਪਾਣੀ ਕੱਢਣ ਦਾ ਦੌਰ ਜਾਰੀ ਹੈ, ਜੋ ਭਵਿੱਖ ਲਈ ਇਕ ਵੱਡਾ ਖ਼ਤਰਾ ਬਣ ਸਕਦਾ ਹੈ।

**ਸਰਪੰਚ:** ਜੇਕਰ ਪਾਣੀ ਦਾ ਐਨਾ ਜ਼ਿਆਦਾ ਉਪਯੋਗ ਹੁੰਦਾ ਰਿਹਾ ਤਾਂ ਭਵਿੱਖ ਲਈ ਤਾਂ ਪਾਣੀ ਬਚੇਗਾ ਹੀ ਨਹੀਂ।

**ਮਨਜੀਤ ਸਿੰਘ:** ਪਰ ਪਾਣੀ ਦਾ ਐਨਾ ਜ਼ਿਆਦਾ ਉਪਯੋਗ ਹੁੰਦਾ ਕਿੱਥੇ ਹੋਵੇਗਾ?

**ਗਰਿਮਾ:** ਤੁਹਾਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਤੁਸੀਂ ਸਾਰੇ ਵੀ ਭੂ-ਜਲ ਦੀ ਬਹੁਤ ਜ਼ਿਆਦਾ ਵਰਤੋਂ ਕਰਦੇ ਹੋ।

**ਮਨਜੀਤ ਸਿੰਘ:** ਅਸੀਂ ਸਾਰੇ? ਉਹ ਕਿਵੇਂ ? ਫਸਲਾਂ ਹੀ ਤਾਂ ਰਮਾਉਂਦੇ ਹਾਂ !

**ਗਰਿਮਾ:** ਹਾਂ ! ਪੰਜਾਬ ਦੀ ਹੀ ਗੱਲ ਕਰ ਲਈਏ! ਇੱਥੇ 1971-72 ਵਿੱਚ 1,45,208 ਬੋਰ ਸਨ ਜੋ ਹੁਣ ਹੋ ਗਏ ਕਰੀਬ 15 ਲੱਖ, ਬਹੁਤ ਸਾਰੇ ਘਰਾਂ ਵਿੱਚ ਲੱਗੀਆਂ ਨੇ ਮੱਛੀ ਮੋਟਰਾਂ ਪੀਣ ਦੇ ਪਾਣੀ ਵਾਸਤੇ ਵੀ ! ਹੈ ਨਾ ਪਾਣੀ ਦਾ ਦੋਹਨ

**ਡਾ. ਮਨੋਜ:** ਦੁਨੀਆ ਵਿਚ ਢਾਈ ਅਰਬ ਤੋਂ ਜ਼ਿਆਦਾ ਲੋਕ ਸਿੱਧੇ ਖੇਤੀ ਨਾਲ ਜੁੜੇ ਹੋਏ ਹਨ ਤੇ ਇਨ੍ਹਾਂ ਵਿੱਚੋਂ ਭਾਰਤ ਵਿਚ ਹੀ ਨੇ ਸਤਾਈ ਕਰੋੜ ਤੋਂ ਜ਼ਿਆਦਾ ਤਾਂ !

**ਗਰਿਮਾ:** ਪੰਜਾਬ ਵਿੱਚ 35.59% ਕਾਮਿਆਂ ਵਾਸਤੇ ਤਾਂ ਜੋ ਖੇਤੀ ਵਿੱਚ ਲੱਗੇ ਨੇ, ਭੂ-ਜਲ ਬਚਾਉਣਾ ਜਿਉਣ ਮਰਨ ਦਾ ਸਵਾਲ ਹੈ !

**ਮਨਜੀਤ ਸਿੰਘ:** ਪਰ ਹੋਰ ਸਾਰੇ ਵੀ ਤਾਂ ਭੂ-ਜਲ ਦੀ ਵਰਤੋਂ ਕਰਦੇ ਹੀ ਨੇ ?

**ਗਰਿਮਾ:** ਹਾਂ, ਪੀਣ ਵਾਲੇ ਪਾਣੀ ਦਾ ਕਾਫੀ ਹਿੱਸਾ ਭੂ-ਜਲ ਤੋਂ ਹੀ ਮਿਲਦਾ ਹੈ। ਮਾਲਵੇ ਵਿੱਚ ਆਰਓ ਰਾਹੀਂ ਵੀ ਹੁੰਦੀ ਹੈ ਵਰਤੋਂ। ਕਲ-ਕਾਰਖ਼ਾਨਿਆਂ ਤੇ ਹੋਰ ਉਦਯੋਗਾਂ ਵਾਸਤੇ ਵੀ ਪਾਣੀ ਦਾ ਬਹੁਤਾ ਹਿੱਸਾ ਜ਼ਮੀਨ ਅੰਦਰੋਂ ਕੱਢਿਆ ਜਾਂਦਾ ਹੈ। ਧਰਤੀ ਵਿਚੋਂ ਪਾਣੀ ਖ਼ਤਮ ਹੋਣ ਤੇ ਤਾਂ ਇਨ੍ਹਾਂ ਕਲ-ਕਾਰਖ਼ਾਨਿਆਂ ਨੂੰ ਕੱਚਾ ਮਾਲ ਵੀ ਨਹੀਂ ਮਿਲੇਗਾ !

**ਮਨਜੀਤ ਸਿੰਘ:** ਆਹੋ ਜੀ ! ਆਖ਼ਿਰ ਜਲ, ਜੰਗਲ ਅਤੇ ਜ਼ਮੀਨ...ਇਕ ਦੂਸਰੇ ਨਾਲ ਜੁੜੇ ਹੀ ਤਾਂ ਹੋਏ ਨੇ ! ਪਾਣੀ ਵਰਤਦੇ ਤਾਂ ਸਾਰੇ ਨੇ ਪਰ ਐਨਾ ਧਿਆਨ ਕੋਈ ਨਹੀਂ ਦਿੰਦਾ...ਨਾ ਅਸੀਂ ਤੇ ਨਾ ਹੀ ਕਾਰਖ਼ਾਨਿਆਂ ਵਾਲੇ ਸੇਠ !

**ਡਾ. ਮਨੋਜ:** (ਕੁਝ ਹੱਸਦੇ ਹੋਏ) ਸਾਰੇ ਇੱਕੋ ਬਾਬੇ ਦੇ ਪੋਤੇ ਨੇ ! ਕੋਈ ਕਿਸੇ ਨਾਲੋਂ ਘੱਟ ਨਹੀਂ ।

**ਗਰਿਮਾ:**ਪੰਜਾਬ ਦਾ 1960-61 ਦਾ ਕੁੱਲ ਸਿੰਜਿਆ ਰਕਬਾ 2646 ਹਜਾਰ ਹੈਕਟੇਅਰ ਤੋਂ ਵੱਧ ਕੇ ਹੋ ਗਿਆ ਹੈ 7728 ਹਜਾਰ ਹੈਕਟੇਅਰ ਕਰੀਬ ਤਿੰਨ ਗੁਣਾ ! ਤੇ ਇਸ ਵਿੱਚੋਂ 40% ਹੈ ਟਿਊਬਵੈਲਾਂ ਰਾਹੀਂ (2982 ਹਜਾਰ ਹੈਕਟੇਅਰ)

**ਮਨਜੀਤ ਸਿੰਘ:** ਸਿੰਚਾਈ ਵੱਲ ਧਿਆਨ ਦੇ ਕੇ ਵੀ ਭੂ-ਜਲ ਬਚਾਇਆ ਜਾ ਸਕਦਾ ਹੈ।

**ਗਰਿਮਾ:** ਬਿਲਕੁਲ।ਬੱਸ ਲੋੜ ਹੈ ਸਿੰਚਾਈ ਦੇ ਤਰੀਕਿਆਂ ਨੂੰ ਬਦਲਣ ਦੀ ।

**ਡਾ. ਮਨੋਜ:** ਸ਼ਹਿਰਾਂ ਦੇ ਹਾਲਾਤ ਤਾਂ ਹੋਰ ਵੀ ਜ਼ਿਆਦਾ ਖ਼ਰਾਬ ਹਨ। ਉਥੇ ਭਾਵੇਂ ਲੋਕ ਖ਼ੁਦ ਤਾਂ ਧਰਤੀ ਵਿਚੋਂ ਪਾਣੀ ਘੱਟ ਖਿਚ ਰਹੇ ਹੋਣ ਪਰ ਹਕੀਕਤ ਵਿੱਚ ਭੂ-ਜਲ ਹੀ ਸ਼ਹਿਰੀ ਲੋਕਾਂ ਦੇ ਘਰਾਂ ਤੱਕ ਪਹੁੰਚਦਾ ਹੈ।

**ਗਰਿਮਾ:** ਪਿੰਡਾਂ ਦੇ ਟੋਭਿਆਂ ਤੇ ਤਲਾਬਾਂ ਨੂੰ ਬਚਾਉਣ ਦੀ ਲੋੜ ਹੈ ।ਸਰਕਾਰ ਤੇ ਲੋਕਾਂ ਨੂੰ ਸਮਝਣਾ ਪਵੇਗਾ ਕਿ ਸਰਕਾਰੀ ਯੋਜਨਾਵਾਂ ਵਿੱਚ ਜਨ ਸਮੂਹਾਂ ਦੀ ਸਰਗਰਮ ਸ਼ਮੂਲੀਅਤ ਨਾਲ ਬਚ ਸਕਦੇ ਨੇ ਸਾਡੇ ਟੋਭੇ ਤੇ ਤਲਾਬ !

**ਹਰਜੀਤ ਕੌਰ:** ਠੀਕ ਹੈ ਜੀ !

**ਸਰਪੰਚ:** ਹਾਂ ਜੀ ! ਟਿਊਬਵੈੱਲਾਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ, ਟੋਭਿਆ ਤੇ ਤਲਾਬ ਆਦਿ ਉਤੇ ਕੋਈ ਧਿਆਨ ਨਹੀਂ ਦਿੰਦਾ !

**ਗਰਿਮਾ:** ਸਾਨੂੰ ਪੁਰਾਣੇ ਟੋਭਿਆਂ, ਤਾਲਾਬਾਂ ਦੀ ਸੁਧ ਲੈਣ ਦੇ ਨਾਲ ਨਾਲ ਨਵੇਂ ਟੋਭੇ ਤੇ ਤਾਲਾਬਾਂ ਦੇ ਨਿਰਮਾਣ ‘ਤੇ ਵੀ ਧਿਆਨ ਦੇਣਾ ਹੋਵੇਗਾ। ਮੀਂਹ ਦੇ ਪਾਣੀ ਨੂੰ ਜਮ੍ਹਾਂ ਕਰਨ ਲਈ ਚੈਕ ਬੰਨ੍ਹ ਬਣਾ ਕੇ, ਜੰਗਲਾਂ ਨੂੰ ਮੁੜ ਸੁਰਜੀਤ ਕਰਕੇ, ਮੌਜੂਦਾ ਜੰਗਲਾਂ ਨੂੰ ਬਚਾ ਕੇ ਅਸੀਂ ਭੂ-ਜਲ ਪੱਧਰ ਨੂੰ ਕਾਇਮ ਰੱਖ ਸਕਦੇ ਹਾਂ।

**ਡਾ. ਮਨੋਜ:** ਸਾਨੂੰ ਫ਼ਸਲਾਂ ਉਤੇ ਵੀ ਧਿਆਨ ਦੇਣਾ ਪਵੇਗਾ। ਜਿਨ੍ਹਾਂ ਇਲਾਕਿਆਂ ਵਿਚ ਭੂ-ਜਲ ਪੱਧਰ ਲਗਾਤਾਰ ਡਿਗ ਰਿਹਾ ਹੈ, ਉਥੇ ਅਜਿਹੀਆ ਫ਼ਸਲਾਂ ਬੀਜਣੀਆਂ ਹੋਣਗੀਆਂ, ਜਿਨ੍ਹਾਂ ਲਈ ਪਾਣੀ ਦੀ ਘੱਟ ਲੋੜ ਹੋਵੇ ।

**ਮਨਜੀਤ ਸਿੰਘ:** ਤੁਸੀਂ ਤਾਂ ਅੱਜ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ , ਅਸੀਂ ਤਾਂ ਟੋਭਿਆਂ ਦਾ ਪਾਣੀ ਜ਼ਮੀਨਦੋਜ਼ ਪਾਈਪਾਂ ਪਾ ਪਾ ਕੇ ਬਰਸਾਤੀ ਨਾਲਿਆਂ ਵਿੱਚ ਸੁੱਟ ਰਹੇ ਸੀ !

**ਸਰਪੰਚ:** ਹਾਂ ਜੀ! ਅਸੀਂ ਗਰਾਮ ਸਭਾ ਰਾਹੀਂ ਭੂ-ਜਲ ਦੀ ਮੁੜ ਭਰਾਈ ਲਈ ਟੋਭੇ ਸੁਰਜੀਤ ਕਰਨ, ਗਾਰ ਕੱਢਣ, ਮੀਂਹ ਦਾ ਪਾਣੀ ਇੰਨ੍ਹਾਂ ਵਿੱਚ ਇਕੱਠਾ ਕਰਨ ਅਤੇ ਇਨ੍ਹਾਂ ਦੁਆਲੇ ਰੁੱਖ ਲਗਾਉਣ ਵਾਸਤੇ ਮਗਨਰੇਗਾ ਸਕੀਮ ਲਾਗੂ ਕਰਾਂਗੇ !

**ਡਾ. ਮਨੋਜ:** ਬਹੁਤ ਵਧੀਆ ਸਕੀਮ ਹੈ। ਜੇਕਰ ਸਮਾਜ ਦੇ ਸਾਰੇ ਲੋਕ ਜਾਗਰੂਕ ਹੋਣ ਤਾਂ ਕੋਈ ਵੀ ਮੰਜ਼ਿਲ ਮੁਸ਼ਕਿਲ ਨਹੀਂ। ਚਾਹੇ ਉਹ ਕਿਸਾਨ ਹੋਵੇ ਜਾਂ ਉਦਯੋਗਪਤੀ ! ਕਾਰਖ਼ਾਨੇ ਧਰਤੀ ਦੇ ਪਾਣੀ ਦੀ ਬੇਸ਼ੁਮਾਰ ਵਰਤੋਂ ਕਰਦੇ ਨੇ ਪਰ ਫੈਕਟਰੀਆਂ ਤੋਂ ਨਿਕਲੇ ਗੰਦੇ ਪਾਣੀ ਨੂੰ ਐਵੇਂ ਹੀ ਛੱਡ ਦਿੰਦੇ ਹਨ। ਜਦਕਿ ਉਸ ਨੂੰ ਵੀ ਸਾਫ਼ ਕਰਕੇ ਕਈ ਸਾਰੇ ਕਾਰਜਾਂ ਵਾਸਤੇ ਵਰਤ ਸਕਦੇ ਹਾਂ । ਇਸ ਮਾਮਲੇ ਵਿਚ ਸਿੰਘਾਪੁਰ ਇੱਕ ਵਧੀਆ ਮਿਸਾਲ ਹੈ !

**ਸਰਪੰਚ:** ਸਿੰਘਾਪੁਰ ......? ਆਖਿਰ ਅਜਿਹਾ ਕੀ ਹੈ ਉਥੇ?

**ਡਾ. ਮਨੋਜ:**ਸਿੰਘਾਪੁਰ ਕੋਲ ਭੂ-ਜਲ ਬਹੁਤ ਹੀ ਘੱਟ ਹੈ।ਮੀਂਹ ਦੇ ਪਾਣੀ ਨੂੰ ਜਮ੍ਹਾ ਕਰਨ ਲਈ ਐਨੀ ਜ਼ਮੀਨ ਵੀ ਨਹੀਂ ! ਸੱਤਰਵਿਆਂ ਵਿਚ ਸੁਰੂ ਕੀਤੀ ਗੰਦੇ ਪਾਣੀ ਨੂੰ ਮੁੜ ਵਰਤੋਂ ਯੋਗ ਬਣਾਉਣ ਦੀ ਯੋਜਨਾ ਰਾਹੀਂ ਗੰਦੇ ਪਾਣੀ ਨੂੰ ਸਾਫ਼ ਕਰਕੇ ਪੀਣ ਯੋਗ ਬਣਾਉਣ ਦੀ ਦਿਸ਼ਾ ਵਿਚ ਉਹ ਸਫਲ ਹੋਏ ਹਨ !

**ਗਰਿਮਾ:** ਸਾਡੀ ਸਰਕਾਰ ਵੀ ਪੀਣ ਯੋਗ ਪਾਣੀ ਨੂੰ ਲੈ ਕੇ ਕਈ ਯੋਜਨਾਵਾਂ ਚਲਾਉਂਦੀ ਹੈ ! ਉਨ੍ਹਾਂ ਵਿੱਚ ਵੀ ਸਮਾਜ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ ਹੈ। ਸਾਡੇ ਸਾਰਿਆਂ ਦੇ ਸਹਿਯੋਗ ਨਾਲ, ਯਕੀਨਨ ਸਾਡੇ ਇਲਾਕੇ ਦਾ ਭੂ-ਜਲ ਪੱਧਰ ਉੱਪਰ ਆ ਜਾਵੇਗਾ।

**ਸਰਪੰਚ:** ਹਾਂ ਜੀ ਹੁਣ ਸਾਡਾ ਮਨਜੀਤ ਸਿੰਘ...ਸਿਰਫ਼ ਨਾਮ ਦਾ ਹੀ ਮਨਜੀਤ ਨਹੀਂ ਰਹੇਗਾ... ਬਲਕਿ ਇਹ ਜਨਤਕ

ਭਲਾਈ ਦੇ ਇਸ ਚੰਗੇ ਕੰਮ ਵਿੱਚ ਸਰਗਰਮ ਸ਼ਮੂਲੀਅਤ ਕਰਵਾ ਕੇ ਸੱਭ ਦਾ ਮਨ ਸੱਚ ਮੁੱਚ ਹੀ ਜਿੱਤ ਲਵੇਗਾ !

**(ਸਾਮੂਹਿਕ ਹੱਸੀ... ਹੌਲੀ-ਹੌਲੀ ਘੱਟ ਹੁੰਦੀ ਹੋਈ)**
**..................ਦ੍ਰਿਸ਼ ਬਦਲਾਅ ਸੰਗੀਤ ............**

**ਦ੍ਰਿਸ਼ - ਤੀਜਾ**

**(ਜ਼ਮੀਨ ਵਿਚ ਖੁਦਾਈ ਕਰਨ ਵਾਲੀ ਮਸ਼ੀਨ ਚੱਲਣ ਦੀ ਆਵਾਜ਼... ਹੌਲੀ-ਹੌਲੀ ਬੰਦ ਹੁੰਦੀ ਹੋਈ)**

**ਮਨਜੀਤ ਸਿੰਘ:**(ਉਤਸ਼ਾਹਿਤ ਸੁਰ ਵਿਚ) ਲਓ ਜੀ...ਸਾਡੇ ਇਸ ਟਿਊਬਵੈੱਲ ਵਿਚ ਵੀ ਸਾਫ਼ ਪਾਣੀ ਆ ਹੀ ਗਿਆ।

**(ਵੱਡੇ ਪਾਈਪ ਤੋਂ ਪਾਣੀ ਨਿਕਲਣ ਦੀ ਆਵਾਜ਼)**

**ਹਰਜੀਤ ਕੌਰ:** ਚੱਲੋ ਚੰਗਾ ਹੋਇਆ ਜੀ। ਹੁਣ ਸਾਡੀਆਂ ਫ਼ਸਲਾਂ ਬਿਨਾਂ ਪਾਣੀ ਦੇ ਬਰਬਾਦ ਨਹੀਂ ਹੋਣਗੀਆਂ।ਪਰ ਇਸ ਵਿਚ ਐਨਾ ਖੁਸ਼ ਹੋਣ ਦੀ ਵੀ ਜ਼ਰੂਰਤ ਨਹੀਂ।

**ਮਨਜੀਤ ਸਿੰਘ:** ਕਿਉਂ, ਕਿਉਂ ਨਾ ਹੋਵਾਂ ਖੁਸ਼ ?

**ਹਰਜੀਤ ਕੌਰ:** ਕਿਉਂ ਜੋ ਅਜੇ ਕਾਰਜ ਹੈ ਅਧੂਰਾ ! ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪਾਣੀ ਦੀ ਕਮੀ ਨਾ ਹੋਵੇ, ਉਸਦਾ ਇੰਤਜ਼ਾਮ ਵੀ ਤਾਂ ਸਾਨੂੰ ਕਰਨਾ ਹੀ ਹੋਵੇਗਾ ਨਾ।

**ਮਨਜੀਤ ਸਿੰਘ:** ਹਾਂ... ਹਾਂ... ਪਾਣੀ ਨੂੰ ਬਚਾਉਣਾ ਬੇਹੱਦ ਜ਼ਰੂਰੀ ਹੈ।(ਕੁੱਝ ਉਚੀ ਆਵਾਜ਼ ਵਿਚ) ਭਾਈ, ਜ਼ਰਾ ਇਹ ਇੰਜਣ ਵੀ ਬੰਦ ਕਰ ਦਿਓ, ਪਾਣੀ ਐਂਵੇ ਹੀ ਬਰਬਾਦ ਨਾ ਹੋਵੇ !

**(ਪਾਣੀ ਡਿਗਣ ਦੀ ਆਵਾਜ਼ ਹੌਲੀ-ਹੌਲੀ ਬੰਦ ਹੁੰਦੀ ਹੋਈ)**

**ਹਰਜੀਤ ਕੌਰ:** ਅਜੇ ਕਿਹੜਾ ਸਾਡੇ ਕੀਤੇ ਵਾਇਦੇ ਪੂਰੇ ਹੋ ਗਏ ਨੇ ?

**ਮਨਜੀਤ ਸਿੰਘ:** ਹੁਣ ਕੀ ਰਹਿ ਗਿਆ ? ਟਿਊਬਵੈਲ ਬੰਦ ਤਾਂ ਕਰਵਾ ਦਿੱਤਾ !

**ਹਰਜੀਤ ਕੌਰ:** ਭੂ-ਜਲ ਦੀ ਮੁੜ ਭਰਾਈ ਨੀ ਕਰਨੀ ?

**ਮਨਜੀਤ ਸਿੰਘ:** ਹਾਂ ਸੱਚ! ਟੋਭੇ ਵਿੱਚੋਂ ਗਾਰ ਕੱਢਣੀ ਐ, ਵਰਖਾ ਦੀ ਰੁੱਤ ਆ ਰਹੀ ਹੈ, ਟੋਭੇ ਵੱਲ ਨੂੰ ਸਾਰਾ ਪਾਣੀ ਮੋੜਨਾ ਹੈ ।

**ਹਰਜੀਤ ਕੌਰ:** ਬਾਰਸ਼ ਠੀਕ ਠਾਕ ਹੁੰਦੀ ਰਹਿਣ ਲਈ ਵੀ ਤਾਂ ਕੁੱਝ ਕਰਨਾ ਹੀ ਹੈ ?

**ਮਨਜੀਤ ਸਿੰਘ:** ਹਾਂ ! ਪਿੰਡ ਦੇ ਆਲੇ-ਦੁਆਲੇ ਜਿਹੜੀ ਸਾਰੀ ਜ਼ਮੀਨ ਬੇਕਾਰ ਪਈ ਹੈ, ਮੈਂ ਉਸ 'ਤੇ ਦਰੱਖਤ ਲਗਵਾਵਾਂਗਾ। ਗ੍ਰਾਮ ਸਭਾ ਵਿੱਚ ਮਗਨਰੇਗਾ ਰਾਹੀਂ ਪੌਦੇ ਲਗਾਉਣ ਤੇ ਸਾਂਭ ਸੰਭਾਲ ਦਾ ਮਤਾ ਪੇਸ਼ ਕਰਾਂਗਾ !

**ਹਰਜੀਤ ਕੌਰ:**ਬਹੁਤ ਚੰਗਾ। ਆਖ਼ਿਰ ਅਸੀਂ ਅਗਲੀਆਂ ਪੀੜ੍ਹੀਆਂ ਲਈ ਪਾਣੀ ਬਾਬਤ ਵੀ ਤਾਂ ਸੋਚਣਾ ਹੈ !

**ਮਨਜੀਤ ਸਿੰਘ:** ਅਤੇ ਹਾਂ, ਤੂੰ ਇਕ ਕੰਮ ਹੋਰ ਕਰੀਂ।

**ਹਰਜੀਤ ਕੌਰ:** ਉਹ ਕੀ?

**ਮਨਜੀਤ ਸਿੰਘ:** (ਸ਼ਰਾਰਤ-ਭਰੀ ਹੱਸੀ ਨਾਲ) ਕੁੱਝ ਪੌਦੇ ਆਪਣੇ ਪੇਕੇ ਭੇਜਣਾ ਨਾ ਭੁੱਲੀਂ... ਸ਼ਾਇਦ ਉਥੇ ਵੀ ਲੋਕਾਂ ਨੂੰ ਭੂ-ਜਲ ਸੁਰੱਖਿਅਣ ਦੀ ਅਹਿਮੀਅਤ ਸਮਝ ਵਿਚ ਆ ਜਾਵੇ।

(ਮਨਜੀਤ ਸਿੰਘ ਅਤੇ ਹਰਜੀਤ ਕੌਰ ਦੀ ਹੱਸੀ/ ਹੌਲੀ-ਹੌਲੀ ਮੰਦ ਪੈਂਦੀ ਹੋਈ)
...............ਸਮਾਪਤੀ ਸੰਗੀਤ ਦੀ ਧੁਨ ਮਧਮ ਪੈਂਦੀ ਹੈ ............

**ਪ੍ਰਸ਼ਨ:**

**ਪ੍ਰਸ਼ਨ-1 ਪੰਜਾਬ ਵਿੱਚ ਭੂ-ਜਲ ਬਚਾਉਣ ਵਾਸਤੇ ਉਦਯੋਗਾਂ ਨੂੰ ਕੀ ਕਰਨ ਦੀ ਲੋੜ ਹੈ ?**

ਉਤਰ: ਘੱਟ ਵਰਤੋਂ , ਉਦਯੋਗਾਂ ਦੇ ਪਾਣੀ ਨੂੰ ਸਾਫ ਕਰਕੇ ਮੁੜ ਵਰਤੋਂ ਤੇ ਮੁੜ ਭਰਾਈ ।

**ਪ੍ਰਸ਼ਨ -2 ਭੂ -ਜਲ ਦਾ ਦੋਹਨ ਘਟਾਉਣ ਵਾਸਤੇ ਕੀ ਕੀਤਾ ਜਾਵੇ ?**

ਉੱਤਰ: ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬੀਜਣਾ , ਟੋਭਿਆਂ ਦੇ ਪਾਣੀ ਨੂੰ ਖੇਤੀ ਵਾਸਤੇ ਵਰਤਣਾ , ਮਗਨਰੇਗਾ ਰਾਹੀਂ ਟੋਭਿਆਂ ‘ਤੇ ਰੁੱਖ ਲਗਾਉਣਾ ਤੇ ਸਾਂਭ ਸੰਭਾਲ !